# ਪੰਜਾਬ ਸਰਕਾਰ
## ਭਲਾਈ ਵਿਭਾਗ
## (ਵਿਸ਼ੇਸ਼ ਭਲਾਈ ਸੈਲ-2)

ਸੇਵਾ ਵਿਖੇ

ਡਾਇਰੈਕਟਰ
ਅਨੁਸੂਚਿਤ ਜਾਤੀਆਂ ਤੇ ਪੱਛੜੀਆਂ ਸ੍ਰੇਣੀਆਂ ਭਲਾਈ ਵਿਭਾਗ
ਪੰਜਾਬ, ਚੰਡੀਗੜ੍ਹ।

ਮੀਮੋ ਨੰ: 1/16/2010-2ਵਸਭ2/108

ਮਿਤੀ ਚੰਡੀਗੜ੍ਹ 18.07.2011

ਵਿਸ਼ਾ: ਅਨੁਸੂਚਿਤ ਜਾਤੀਆਂ ਅਤੇ ਪੱਛੜੀਆਂ ਸ੍ਰੇਣੀਆਂ ਪ੍ਰਤੀਨਿਧਤਾ ਦੇਣ ਨੂੰ ਯਕੀਨੀ ਬਣਾਉਣ ਲਈ ਰੋਸਟਰ ਰਜਿਸਟਰਾਂ ਦੀ ਸਹੀ ਅਤੇ ਸਮੇਂ ਸਿਰ ਚੈਕਿੰਗ ਕਰਨ ਬਾਰੇ।

****

ਉਪਰੋਕਤ ਵਿਸ਼ੇ ਤੇ ਭਲਾਈ ਵਿਭਾਗ ਦੇ ਮੀਮੋ ਨੰ:1/16/2010 -2ਵਸਭ2/58 ਮਿਤੀ 2.5.2011 ਦੇ ਹਵਾਲੇ ਵਿੱਚ।

2. ਹਵਾਲੇ ਅਧੀਨ ਪੱਤਰ ਰਾਹੀਂ ਆਪ ਦੇ ਵਿਭਾਗ ਨੂੰ ਮਾਨਯੋਗ ਭਲਾਈ ਮੰਤਰੀ ਜੀ ਦੀ ਪ੍ਰਵਾਨਗੀ ਉਪਰੰਤ ਪੰਜਾਬ ਸਰਕਾਰ ਦੇ ਸਾਰੇ ਵਿਭਾਗਾਂ/ਬੋਰਡਾਂ/ਕਾਰਪੋਰੇਸ਼ਨਾਂ/ਯੂਨੀਵਰਸਿਟੀਆਂ ਅਤੇ ਫੈਡਰੇਸ਼ਨਾਂ ਆਦਿ ਦੇ ਦਫਤਰਾਂ ਵੱਲੋਂ ਅਨੁਸੂਚਿਤ ਜਾਤੀਆਂ ਅਤੇ ਪੱਛੜੀਆਂ ਸ੍ਰੇਣੀਆਂ ਨੂੰ ਯੋਗ ਪ੍ਰਤੀਨਿਧਤਾ ਦੇਣ ਲਈ ਤਿਆਰ ਕੀਤੇ ਗਏ ਰੋਸਟਰ ਰਜਿਸਟਰਾਂ ਦੀ ਚੈਕਿੰਗ ਕਰਨ ਦਾ ਕੰਮ ਦਿੱਤਾ ਗਿਆ ਸੀ। ਸਰਕਾਰ ਦੇ ਧਿਆਨ ਵਿੱਚ ਆਇਆ ਹੈ ਕਿ ਕਈ ਵਿਭਾਗਾਂ ਵੱਲੋਂ ਡੀ.ਪੀ.ਸੀ. ਆਦਿ ਲਈ ਰੋਸਟਰ ਰਜਿਸਟਰ ਚੈਕ ਕਰਾਉਣ ਲਈ ਆਪ ਦੇ ਦਫਤਰ ਨੂੰ ਪਹੁੰਚ ਕੀਤੀ ਗਈ ਸੀ। ਲੇਕਿਨ ਆਪ ਦੇ ਵਿਭਾਗ ਦੇ ਸਬੰਧਤ ਅਧਿਕਾਰੀਆਂ ਵੱਲੋਂ ਇਹ ਕਹਿ ਕੇ ਟਾਲ ਦਿੱਤਾ ਗਿਆ ਕਿ ਇਸ ਵਿਭਾਗ ਵੱਲੋਂ ਕੇਵਲ ਮਾਨਯੋਗ ਭਲਾਈ ਮੰਤਰੀ ਜੀ ਵੱਲੋਂ ਦਿੱਤੇ ਗਏ ਮਹਿਕਮਿਆਂ ਦੀ ਹੀ ਚੈਕਿੰਗ ਕਰਨੀ ਹੈ, ਜੋ ਕਿ ਸਰਾਸਰ ਗਲਤ ਹੈ।

3. ਇਸ ਲਈ ਆਪ ਨੂੰ ਦੁਬਾਰਾ ਲਿਖਿਆ ਜਾਂਦਾ ਹੈ ਕਿ ਆਪ ਦੇ ਵਿਭਾਗ ਵੱਲੋਂ ਪੰਜਾਬ ਸਰਕਾਰ ਦੇ ਅਧੀਨ ਆਉਂਦੇ ਸਾਰੇ ਬੋਰਡਾਂ/ਕਾਰਪੋਰੇਸ਼ਨਾਂ/ਯੂਨੀਵਰਸਿਟੀਆਂ ਅਤੇ ਫੈਡਰੇਸ਼ਨਾਂ ਆਦਿ ਦੇ ਰੋਸਟਰ ਰਜਿਸਟਰ ਚੈਕ ਕੀਤੇ ਜਾਣੇ ਹਨ। ਭਵਿੱਖ ਵਿੱਚ ਇਸ ਤਰ੍ਹਾਂ ਦੀ ਮਿਲੀ ਸ਼ਿਕਾਇਤ ਨੂੰ ਗੰਭੀਰਤਾ ਨਾਲ ਲਿਆ ਜਾਵੇਗਾ। ਰੋਸਟਰ ਚੈਕਿੰਗ ਕਰਨ ਉਪਰੰਤ ਮਹੀਨਾਵਾਰ ਨਿਰੀਖਣ ਰਿਪੋਰਟ ਵੀ ਹਰ ਮਹੀਨੇ ਦੇ ਪਹਿਲੇ ਹਫਤੇ ਸਕੱਤਰ ਭਲਾਈ ਜੀ ਨੂੰ ਭੇਜੀ ਜਾਣੀ ਯਕੀਨੀ ਬਣਾਈ ਜਾਵੇ। ਆਪ ਦੇ ਵਿਭਾਗ ਵੱਲੋਂ ਭੇਜੀਆਂ ਗਈਆਂ ਰਿਪੋਰਟਾਂ ਵਿਚੋਂ 25% ਕੰਮ ਪ੍ਰਬੰਧਕੀ ਵਿਭਾਗ ਦੀ ਵਿਸ਼ੇਸ਼ ਸੈਲ ਭਲਾਈ-2 ਸ਼ਾਖਾ ਵੱਲੋਂ ਚੈਕ ਕੀਤਾ ਜਾਵੇਗਾ, ਜਿਸ ਵਿੱਚ ਹਰ ਗਰੁੱਪ ਵਿਚੋਂ ਘੱਟੋ ਘੱਟ ਇਕ ਪੋਸਟ ਜ਼ਰੂਰ ਚੈਕ ਕੀਤੀ ਜਾਵੇਗੀ।

4. ਇਹਨਾਂ ਹਦਾਇਤਾਂ ਦੀ ਇੰਨ ਬਿੰਨ ਪਾਲਣਾ ਕਰਨੀ ਯਕੀਨੀ ਬਣਾਈ ਜਾਵੇ।

-ਸਹੀ-
ਸੰਯੁਕਤ ਸਕੱਤਰ/ਭਲਾਈ

ਉਪਰੋਕਤ ਦਾ ਇਕ ਉਤਾਰਾ ਰਾਜ ਦੇ ਸਮੂਹ ਵਿੱਤੀ ਕਮਿਸ਼ਨਰਾਂ, ਪ੍ਰਮੁੱਖ ਸਕੱਤਰਾਂ ਅਤੇ ਪ੍ਰਬੰਧਕੀ ਸਕੱਤਰਾਂ ਨੂੰ ਸੂਚਨਾ ਅਤੇ ਅਗਲੇਰੀ ਕਾਰਵਾਈ ਹਿਤ ਭੇਜਿਆ ਜਾਂਦਾ ਹੈ।

-ਸਹੀ-
ਸੰਯੁਕਤ ਸਕੱਤਰ/ਭਲਾਈ

ਸੇਵਾ ਵਿਖੇ

ਰਾਜ ਦੇ ਸਮੂਹ ਵਿੱਤੀ ਕਮਿਸ਼ਨਰ, ਪ੍ਰਮੁੱਖ ਸਕੱਤਰ, ਪ੍ਰਬੰਧਕੀ ਸਕੱਤਰ।

ਅੰ:ਵਿ:ਪ:ਨੰ: 1/16/2010-2ਵਸਭ2/109 ਮਿਤੀ : 18.7.2011